### ਸਟੇਜ-੨ : ਗ਼ੈਰ-ਮੇਟੈਲਿਕ ਵਸਤਾਂ (ਜਿਵੇਂ ਪਲਾਸਟਿਕ ਯਾ ਕੇਮਿਕਲ) ਲਈ ਜਾਂਚ

੧) ਐਸੀ ਜਾਂਚ ਹਮੇਸ਼ਾ ਨਹੀਂ ਹੋਵੇਗੀ । ਐਸਾ ਤਾਂ ਹੀ ਹੋ ਸਕਦਾ ਹੈ ਜਦੋਂ ਅਧਿਕਾਰੀ ਨੂੰ ਇਹ ਮਹਸੂਸ ਹੋਵੇ (ਸ਼ਕ ਪਵੇ) ਕਿ ਦਸਤਾਰ ਭਾਰੀ ਯਾ ਫੂਲੀ ਹੋਈ ਜਾਪਦੀ ਹੈ ।

੨) ਐਸੇ ਹਾਲਾਤ ਵਿਚ ਅਧਿਕਾਰੀ ਦਸਤਾਰ ਨੂੰ ਹਥ ਲਾ ਕੇ ਜਾਂਚ ਕਰਨ ਦੀ ਇਜਾਜ਼ਤ ਮੰਗ ਸਕਦਾ ਹੈ ।

- ਜੇਕਰ ਤੁਸੀ ਇਜਾਜ਼ਤ ਨਹੀਂ ਦੇਣਾਂ ਚਾਹੁੰਦੇ ਤਾਂ ਸਾਫ਼ ਇੰਕਾਰ ਕਰੋ ਅਤੇ ਆਪਣੇ ਹਥਾਂ ਨਾਲ ਦਸਤਾਰ ਦੀ ਜਾਂਚ ਕਰ ਕੇ ਵਿਖਾ ਸਕਦੇ ਹੋ । ਤਾਂ ਤੁਹਾਨੂੰ ਦੂਜਾ ਅਧਿਕਾਰੀ ਵਖਰੇ ਲੈ ਜਾਵੇਗਾ ਅਤੇ ਉਸ ਦੀ ਨਿਗ਼ਰਾਨੀ ਵਿਚ ਜਾਂਚ ਕੀਤੀ ਜਾਵੇਗੀ । ਮਗ਼ਰੋਂ ਤੁਹਾਡੇ ਹਥਾਂ ਨੂੰ ਸੂਤੀ ਕਪੜੇ ਨਾਲ ਰਗੜਿਆ ਜਾਵੇਗਾ ਅਤੇ ਉਸ ਕਪੜੇ ਨੂੰ ਇਕ ਮਸ਼ੀਨ ਵਿਚ ਰਖ ਕੇ ਜਾਂਚ ਕੀਤੀ ਜਾਵੇਗੀ ਕਿ ਉਸ ਉਤੇ ਕੋਈ ਕੇਮਿਕਲ ਤਾਂ ਨਹੀਂ । ਇਸ ਜਾਂਚ ਤੋਂ ਪਾਸ ਹੋ ਕੇ ਤੁਸੀ ਫ਼ਲਾਈਟ ਵਲ ਵਧ ਸਕਦੇ ਹੋ ।
- ਜੇਕਰ ਤੁਸੀ ਅਧਿਕਾਰੀ ਨੂੰ ਇਜਾਜ਼ਤ ਦੇਣਾਂ ਚਾਹੋ ਤਾਂ ਠੀਕ ਹੈ ਪਰ ਵਖਰੇ ਕਮਰੇ ਵਿਚ ਜਾਂਚ ਦੀ ਮੰਗ ਫਿਰ ਵੀ ਕਰ ਸਕਦੇ ਹੋ । ਇਸ ਜਾਂਚ ਤੋਂ ਪਾਸ ਹੋ ਕੇ ਤੁਸੀ ਫ਼ਲਾਈਟ ਵਲ ਵਧ ਸਕਦੇ ਹੋ ।

ਯਾਦ ਰਹੇ ਕਿ ਦਸਤਾਰ ਉਤਾਰਨ ਲਈ ਅਧਿਕਾਰੀ ਤੁਹਾਨੂੰ ਤਾਂ ਹੀ ਬੇਨਤੀ ਕਰ ਸਕਦਾ ਹੈ ਜਦੋਂ ਅਧਿਕਾਰੀ ਦਾ ਸ਼ਕ-ਸ਼ੁਭਾ ਦੂਰ ਨ ਹੋਇਆ ਹੋਵੇ ਅਤੇ ਤੁਸੀ ਪਹਲੀ ਯਾ ਦੂਜੀ ਸਟੇਜ ਦੀ ਜਾਂਚ ਪਾਸ ਨਾ ਕਰ ਸਕੋ ਹੋਵੋ । ਪਰ ਫਿਰ ਵੀ , ਹਮੇਸ਼ਾ ਹੀ ਐਸੀ ਜਾਂਚ ਲਈ ਪ੍ਰਾਈਵੇਟ-ਕਮਰੇ ਦੀ ਮੰਗ ਤੁਸੀ ਜ਼ਰੂਰ ਕਰ ਸਕਦੇ ਹੋ , ਅਤੇ ਕਰੋ ।

ਜੇਕਰ ਤੁਸੀਂ ਸਮਝਦੇ ਹੋ ਕਿ ਉਪਰ-ਲਿਖੇ ਕਾਰਣਾਂ ਕਰ ਕੇ ਤੁਹਾਡੇ ਨਾਲ ਵਿਦਕਰਾ ਹੋ ਰਿਹਾ ਹੈ ਤਾਂ :

੧) ਹਮੇਸ਼ਾ ਹੀ ਸ਼ਾਂਤ-ਸੁਭਾਵ ਵਾਲਾ ਵਤੀਰਾ ਰਖੋ ਅਤੇ ਸੁਲਝੇ ਹੋਏ ਤਰੀਕੇ ਨਾਲ ਗਲ ਕਰੋ ।

੨) ਅਧਿਕਾਰੀ ਦਾ ਨਾਂ ਅਤੇ ਬੈਜ-ਨੰਬਰ ਲਿਖ ਲਵੋ । ਜੇ ਉਹ ਦਸਣ ਤੋਂ ਇੰਕਾਰ ਕਰੇ ਤਾਂ ਸੁਪਰਵਾਈਜ਼ਰ (ਵਡੇ ਅਫ਼ਸਰ) ਨਾਲ ਗਲ ਕਰਨ ਦੀ ਮੰਗ ਕਰੋ ।

੩) ਸਾਨੂੰ ਫ਼ੋਨ ਕਰੋ ਯਾ ਈ-ਮੇਲ ਰਾਹੀਂ ਫ਼ੌਰੀ ਤੌਰ ਤੇ ਸਮਪਰਕ ਕਰ ਕੇ ਵੇਰਵਾ ਦੇਵੋ । ਜਾਣਕਾਰੀ ਵਿਚ ਇਹ ਜ਼ਰੂਰ ਸ਼ਾਮਲ ਕਰੋ: ਅਧਿਕਾਰੀ ਦਾ ਨਾਂ, ਬੈਜ-ਨੰਬਰ, ਤਾਰੀਖ਼, ਫ਼ਲਾਈਟ-ਨੰਬਰ, ਐਯਰਪੋਰਟ ਦਾ ਨਾਂ ।

੪) ਟੀ. ਏਸ. ਏ. ਨੂੰ ਤੁਸੀਂ ਸਿਧੇ ਵੀ ਉਹਨਾਂ ਦੀ ਹੇਠ-ਲਿਖੀ ਵੇਬਸਾਈਟ ਤੋਂ ਸ਼ਿਕਾਯਤ ਭੇਜ ਸਕਦੇ ਹੋ :
**http://www.tsa.dhs.gov/research/civilrights/civilrights_travelers**
ਇਸ ਦਸਤਾਵੇਜ਼ ਵਿਚ ਲਿਖੀ ਕਿਸੇ ਵੀ ਜਾਣਕਾਰੀ ਦੇ ਵਧੇਰੇ ਖੁਲਾਸੇ ਲਈ ਟੀ. ਏਸ. ਏ. ਦੀ ਵੇਬਸਾਈਟ ਵੇਖੋ ।

ਵਧੇਰੇ ਜਾਣਕਾਰੀ ਹਾਸਲ ਕਰਨ ਲਈ ਯਾ ਸ਼ਿਕਾਯਤ ਭੇਜਣ ਲਈ
ਯੁਨਾਈਟਿਡ ਸਿਖਸ ਨਾਲ ਸੰਪਰਕ ਕਰੋ:
੧-੮੮੮-੨੪੩-੧੬੯੦ ਈ-ਮੇਲ: contact@unitedsikhs.org
ਵੇਬਸਾਈਟ: www.unitedsikhs.org

## Sikh Air Travelers’ Bill of Rights

Sikhs who are clearing security at United States airports have the following rights:

1. Sikhs have the right to wear turbans, patkas or religious scarves during security screenings in US airports.
2. Sikhs, if selected for additional screening, have the right to pat-down their own turbans and have their hands swabbed for chemical residue, instead of allowing a Transportation Security Officer (“TSO”) to pat-down their turbans.
3. Sikhs have the right to refuse to remove their turbans in public.
4. Sikhs have the right to ask for a private area during any stage of the security screening.
5. Sikhs have the right to refuse to remove their turbans if they have successfully cleared the metal detection procedure and an additional screening pat-down.
6. Sikhs have the right to be cleared for additional screening by going through a “puffer machine,” if one is available, together with a metal detector.
7. Sikhs have the right not to be racially profiled by TSOs on the basis of their ethnicity, race, religion or national origin.

## ਸਿਖ ਹਵਾਈ-ਯਾਤਰੀਆਂ ਦੇ ਹਕੂਕ ਦਾ ਕਾਨੂਨ

ਯੂ. ਐਸ. ਏ. ਵਿਚ ਹਵਾਈ-ਅੱਡਿਆਂ ਵਿਖੇ ਸਿਖ ਯਾਤਰੀਆਂ ਲਈ ਹੇਠ-ਲਿਖੇ ਹਕੂਕ ਮੌਜੂਦ ਹਨ

੧) ਸਿਖਾਂ ਨੂੰ ਹਕ ਹੈ ਕਿ ਦਸਤਾਰ ਦੁਪਟੇ / ਚੁਨੀ ਧਾਰਣ ਕਰ ਸਕਦੇ ਹਨ ।

੨) ਜੇਕਰ ਵਧੇਰੇ ਜਾਂਚ ਲਈ ਸਿਖਾਂ ਨੂੰ ਵਖਰੇ ਖਲੋਂਣ ਲਈ ਆਖਿਆ ਜਾਂਦਾ ਹੈ ਤਾਂ ਸਿਖਾਂ ਨੂੰ ਹਕ ਹੈ ਕਿ ਆਪ ਹੀ ਦਸਤਾਰ ਦੀ ਜਾਂਚ ਕਰ ਕੇ ਅਧਿਕਾਰੀ ਨੂੰ ਵਿਖਾ ਸਕਦੇ ਹਨ ਅਤੇ ਆਪਣੇ ਹਥਾਂ ਤੇ ਕਪੜਾ ਰਗੜਵਾ ਕੇ ਕੇਮਿਕਲ-ਮੌਜੂਦਗੀ ਲਈ ਜਾਂਚ ਕਰਵਾ ਸਕਦੇ ਹਨ ।

੩) ਸਿਖਾਂ ਨੂੰ ਹਕ ਹੈ ਕਿ ਪਬਲਕਿ ਵਿਚ ਦਸਤਾਰ ਨੂੰ ਕਿਸੇ ਅਧਿਕਾਰੀ ਵਲੋਂ ਹਥ ਲਾਂਣ ਤੋਂ ਰੋਕ ਸਕਦੇ ਹਨ ।

੪) ਸਿਖਾਂ ਨੂੰ ਹਕ ਹੈ ਕਿ ਜਾਂਚ ਦੀ ਕਿਸੇ ਵੀ ਸਟੇਜ ਤੇ ਪ੍ਰਾਈਵੇਟ-ਕਮਰੇ ਦੀ ਮੰਗ ਕਰ ਸਕਦੇ ਹੋ ।

੫) ਸਿਖਾਂ ਨੂੰ ਹਕ ਹੈ ਕਿ ਮੇਟਲ-ਡਿਟੇਕਟਰ ਅਤ ਵਧੇਰੀ ਜਾਂਚ ਨੂੰ ਪਾਸ ਕਰਨ ਮਗ਼ਰੋਂ ਦਸਤਾਰ ਉਤਾਰਨ ਤੋਂ ਸਾਫ਼ ਇੰਕਾਰ ਕਰ ਸਕਦੇ ਹਨ।

੬) ਸਿਖਾਂ ਨੂੰ ਹਕ ਹੈ ਕਿ ਪਫ਼ਰ-ਮਸ਼ੀਨ ਤੋਂ ਪਾਸ ਹੋਂਣ ਮਗ਼ਰੋਂ ਵਧੇਰੇ ਜਾਂਚ ਲਈ ਪਾਸ ਸਮਝੇ ਜਾਂਣ , ਜੇਕਰ ਮੇਟਲ-ਡਿਟੇਕਟਰ ਤੋਂ ਇਲ-ਾਵਾ ਪਫ਼ਰ-ਮਸ਼ੀਨ ਵੀ ਮੌਜੂਦ ਹੋਵੇ ।

੭) ਸਿਖਾਂ ਨੂੰ ਹਕ ਹੈ ਕਿ ਮੂਲ, ਨਸਲ, ਧਰਮ ਯਾ ਦੇਸ਼ ਦੇ ਅਧਾਰ ਉਤੇ ਉਹਨਾਂ ਨਾਲ ਕਿਸੇ ਅਧਿਕਾਰੀ ਵਲੋਂ ਵਿਦਕਰਾ ਨਾ ਕੀਤਾ ਜਾਵੇ ।



# Airport Screening Procedures for Sikh Travelers

## ਹਵਾਈ-ਅੱਡਿਆਂ ਵਿਖੇ ਸਿਖ ਯਾਤਰੀਆਂ ਦੀ ਜਾਂਚ-ਵਿਧੀ ਦਾ ਵੇਰਵਾ

UNITED SIKHS
*Recognize the Human Race as One*

Distributed by:

## Airport Screening Procedures for Sikh Travelers

This document details headwear screening procedures that will be in effect beginning on October 27, 2007 at all United States airports. Keep this document with you while you travel through the U.S., so that you know what to expect and how to assert your rights. All references to "turban" below also include patkas or religious headscarves.

To clear the new procedure, we recommend that you arrive at the airport 15-30 minutes earlier than usual.

### Standing in Line for Security Screening:

- If you see a "puffer" machine at the airport, request to stand in the line that goes to the "puffer" machine. The "puffer" is a portal machine that blows air at your body to pick up traces of chemicals. It does not involve touching your turban.
- While standing in line for your security screening, you may hear recorded announcements or Transportation Security Officers (TSOs) telling passengers to remove their shoes, jackets, laptops, headwear, and other items. If you wear a turban, you should disregard that warning, since it does not apply to passengers wearing religious head coverings.
- While in line, please ensure that you have not accidentally left any metallic objects on your person.

### Stage 1: Metal Detection Screening

1. When you walk up to the metal detector machine, a TSO may ask you to remove your headwear. You **MUST** tell the TSO that you will not remove your turban, since it is a religious article.
2. If you walk through the metal detector and the alarm goes off, you may be pulled aside for further screening. The screener should use a hand wand to check the turban. If the hand wand sounds an alarm around your head, the screener may want to pat-down your turban. If you know the source of the alarm, you may consider surrendering the object to possibly avoid the need for a pat-down.
3. If, after the pat-down, the TSO is unable to resolve the concern, he/she can ask you to remove your turban, **BUT** only in a private area.
4. If you walk through the metal detector and no alarm sounds, a TSO **MAY** determine that additional screening is needed and ask you to step aside. This is described in Stage 2 below.

### Stage 2: Screening for Non-Metallic Items

1. You may be selected for non-metallic screening. This will not happen every time. It is at the discretion of the individual TSO, if they believe your turban is "bulky."
2. If you are selected for the additional screening, the TSO will ask you if he/she can pat down your turban as soon as you step out of the metal detector.
   a. If you do **NOT** want the TSO to touch your turban, you **MUST** refuse and say that you prefer to pat down your own turban. You will then be taken aside by a different TSO who will supervise you as you pat down your turban. After the pat-down, the TSO will rub your hands with a small cotton cloth and place it in a machine to test for chemical residue. If you pass the chemical residue test, you should be allowed to proceed to your flight.
   b. If, on the other hand, it is acceptable to you for the TSO to touch your turban, let the TSO do so. The TSO should offer you a private area for this screening. If the TSO does not, you can ask for one. Once you clear this screening, you should be allowed to proceed to your flight.

The only time a TSA officer can request a removal of your turban is if the TSO cannot resolve the concern and you did not clear the metal detector or the additional screening. If that happens, you should **ALWAYS** ask for a private screening area to conduct the removal of your turban.

If you feel you are being mistreated or singled out for screening because of your turban, remember to do the following:

1. Stay calm. Treat and speak with the TSO professionally.
2. Ask the TSO for his/her name and badge number. Write this information down. They are required to give this information to you. If they refuse, ask to speak with a supervisor.
3. Call or email us to report the incident as soon as possible after it has occurred. You will need to tell them the name and badge number of the officer, the date of the incident, your flight number, the airport where it occurred, and about the incident.
4. You can also file a complaint with the TSA on your own on their website at **http://www.tsa.dhs.gov/research/civilrights/civilrights_travelers.** You can also refer to the TSA's website for more information on any procedure described here.


**For more information or to make a complaint please contact UNITED SIKHS**
**Phone: 1-888-243-1690 Email: contact@unitedsikhs.org**
**Website: www.unitedsikhs.org**


## ਹਵਾਈ-ਅੱਡਿਆਂ ਵਿਖੇ ਸਿਖ ਯਾਤਰੀਆਂ ਦੀ ਜਾਂਚ-ਵਿਧੀ ਦਾ ਵੇਰਵਾ

ਇਸ ਦਸਤਾਵੇਜ਼ ਰਾਹੀਂ ਸਿਰ ਉਤੇ ਧਾਰਨ ਕਰਨ ਵਾਲੇ ਵਸਤਰਾਂ ਬਾਬਤ ਜਾਂਚ ਦੇ ਤਰੀਕਿਆਂ ਦਾ ਉਲੇਖ ਹੈ ਜਿਹੜੇ ਕਿ ੨੭ ਅਕਟੂਬਰ ੨੦੦੭ ਤੋਂ ਪੂਰੇ ਦੇਸ਼ ਵਿਚ ਲਾਗੂ ਹੋਂਣਗੇ ।ਇਸ ਦਸਤਾਵੇਜ਼ ਨੂੰ ਯਾਤਰਾ ਦੌਰਾਨ ਹਮੇਸ਼ਾ ਨਾਲ ਰਖੋ ਤਾਂਜੇ ਤੁਹਾਨੂ ਇਹ ਜਾਣਕਾਰੀ ਰਹੇ ਕਿ ਤੁਹਾਡੇ ਹਕੂਕ ਕਿਹੜੇ ਹਨ ਅਤੇ ਤੁਸੀਂ ਕਿਵੇਂ ਹਾਸਿਲ ਕਰਨੇ ਹਨ ।ਇਸ ਦਸਤਾਵੇਜ਼ ਵਿਚ ਜਿਥੇ ਵੀ ਦਸਤਾਰ ਦਾ ਜ਼ਿਕਰ ਆਉਂਦਾ ਹੈ ਉਸ ਵਿਚ ਪਟਕੇ / ਦੁਪੱਟੇ / ਚੁੱਨੀ ਨੂੰ ਸ਼ਾਮਿਲ ਸਮਝਿਆ ਜਾਵੇ ।

ਸਾਡੀ ਸਲਾਹ ਹੈ ਕਿ ਤੁਸੀਂ ਫ਼ਲਾਈਟ ਤੋਂ ੧੫ ਤੋਂ ੩੦ ਮਿਨਟ ਪਹਿਲਾਂ ਪੁਜ ਕੇ ਆਸਾਨੀ ਅਤੇ ਆਰਾਮ ਨਾਲ ਜਾਂਚ ਨੂੰ ਪਾਰ ਕਰ ਸਕਦੇ ਹੋ ।

ਜਾਂਚ ਲਈ ਕਤਾਰ ਵਿਚ ਖੜੇ ਰਹਿਣ ਬਾਬਤ:

੧) ਜੇਕਰ ਤੁਸੀਂ ਪਫ਼ਰ-ਮਸ਼ੀਨ ਵੇਖੋ ਤਾਂ ਉਸ ਹੀ ਲਾਈਨ / ਕਤਾਰ ਵਿਚ ਖਲੋਵੋ । ਪਫ਼ਰ-ਮਸ਼ੀਨ ਤੁਹਾਡੇ ਸਰੀਰ ਵਲ ਹਵਾ ਸੁਟਦੀ ਹੈ ਜਿਸ ਨਾਲ ਕੈਮੀਕਲ / ਰਸਾਇਣ ਦੇ ਅਸਰ ਦਾ ਪਤਾ ਲਗਦਾ ਹੈ । ਇਸ ਕਤਾਰ ਵਿਚ ਦਸਤਾਰ ਨੂੰ ਹਥ ਨਹੀਂ ਲਗਾਯਾ ਜਾਂਦਾ ।

੨) ਕਤਾਰ ਵਿਚ ਖਲੋਤਿਆਂ ਜੇਕਰ ਤੁਸੀਂ ਰਿਕਾਰਡ ਹੋਈ ਸੂਚਨਾ ਰਾਹੀਂ ਯਾ ਫਿਰ ਜਾਂਚ-ਅਧਿਕਾਰੀਆਂ ਪਾਸੋਂ ਇਹ ਸੁਣੋ ਕਿ ਯਾਤਰੀ ਜੁੱਤੇ, ਜੈਕਿਟ, ਲੈਪਟਾਪ, ਅਤੇ ਸਿਰ ਤੋਂ ਕਪੜੇ ਹਟਾ ਦੇਂਣ , ਤਾਂ ਜੇਕਰ ਤੁਸੀਂ ਦਸਤਾਰ ਸਜਾਈ ਹੈ ਤਾਂ ਉਸ ਨੂੰ ਉਤਾਰਨ ਲਈ ਕਾਨੂਨੀ ਤੌਰ ਤੇ ਮਜਬੂਰ ਨਹੀ ਹੋ ਕਿਯੋਂਕਿ ਦਸਤਾਰ ਧਾਰਮਕ ਨਿਸ਼ਾਨ ਹੈ, ਕੋਈ ਸਧਾਰਨ ਕਪੜਾ ਨਹੀਂ ।

੩) ਕਤਾਰ ਵਿਚ ਖਲੋਂਣ ਵੇਲੇ ਇਹ ਧਿਆਨ ਰਖੋ ਕਿ ਗ਼ਲਤੀ ਨਾਲ ਵੀ ਸਰੀਰ ਤੇ ਯਾ ਕਪੜਿਆਂ ਵਿਚ ਕੋਈ ਵੀ ਮੇਟਲ (ਧਾਤੂ ) ਦੀ ਵਸਤ ਨਾ ਹੋਵੇ ।

### ਸਟੇਜ ੧ : ਮੇਟਲ-ਵਸਤਾਂ ਦੀ ਜਾਂਚ

੧) ਮੇਟਲ-ਡਿਟੇਕਟਰ ਕੋਲ ਪੁਜਦਿਆਂ ਹੀ ਜੇਕਰ ਅਧਿਕਾਰੀ ਆਖਦਾ ਹੈ ਕਿ ਦਸਤਾਰ ਉਤਾਰੋ ਤਾਂ ਤੁਸੀਂ ਜ਼ਰੂਰ (ਹਰ ਹਾਲਤ ਵਿਚ) ਸਾਫ਼ ਇੰਕਾਰ ਕਰੋ ਅਤੇ ਸਪਸ਼ਟ ਅਲਫ਼ਾਜ਼ ਵਿਚ ਆਖੋ ਕਿ ਇਹ ਸਿਖ ਲਈ ਧਾਰਮਕ ਨਿਸ਼ਾਨ ਹੈ , ਸੋ ਤੁਸੀਂ ਦਸਤਾਰ ਨਹੀ ਉਤਾਰੋਗੇ ।

੨) ਜੇਕਰ ਮੇਟਲ-ਡਿਟੇਕਟਰ ਤੋਂ ਪਾਰ ਹੋਂਣ ਤੇ ਅਲਾਰਮ ਵਜਦਾ ਹੈ ਤਾਂ ਤੁਹਾਨੂੰ ਵਖਰੇ ਲੈ ਜਾ ਕੇ ਹੈਂਡ-ਵਾਂਡ ਨਾਲ ਦਸਤਾਰ ਦੀ ਜਾਂਚ ਕੀਤੀ ਜਾਵੇਗੀ । ਜੇਕਰ ਹੁਣ ਵੀ ਅਲਾਰਮ ਵਜਦਾ ਹੈ ਤਾਂ ਅਧਿਕਾਰੀ ਤੁਹਾਡੀ ਦਸਤਾਰ ਦੀ ਜਾਂਚ ਹਥ ਨਾਲ ਕਰਨ ਦੀ ਇਜਾਜ਼ਤ ਮੰਗੇਗਾ । ਜੇ ਤੁਸੀ ਅਲਾਰਮ ਵਜਣ ਦੀ ਵਜਹ ਜਾਂਣਦੇ ਹੋ ਤਾਂ ਆਪ ਹੀ ਐਸੀ ਵਸਤ ਕਢ ਕੇ ਉਸ ਨੂੰ ਸੌਂਪ ਦੇਵੋ ਤਾਂ ਜੇ ਦਸਤਾਰ ਦੀ ਹੱਥੀ-ਜਾਂਚ ਦੀ ਲੋੜ ਹੀ ਮੁਕ ਜਾਵੇ ।

੩) ਜੇਕਰ ਹੁਣ ਵੀ ਅਧਿਕਾਰੀ ਸੰਤੁਸ਼ਟ ਨਹੀ ਹੁੰਦਾ ਤਾਂ ਉਸ ਨੂ ਇਹ ਕਾਨੂਨੀ ਹਕ ਹੈ ਕਿ ਤੁਹਾਨੂੰ ਆਖੇ ਕਿ ਤੁਸੀਂ ਦਸਤਾਰ ਉਤਾਰ ਕੇ ਵਿਖਾਵੋ , ਪਰ ਯਾਦ ਰਖੋ ਕਿ ਤੁਹਾਨੂੰ ਵੀ ਕਾਨੂਨੀ ਹਕ ਹੈ ਕਿ ਤੁਸੀਂ ਵਖਰੇ ਕਮਰੇ / ਪ੍ਰਾਈਵੇਟ-ਇਲਾਕੇ ਵਿਚ ਦਸਤਾਰ ਉਤਾਰਨ ਦੀ ਮੰਗ (ਡਿਮਾਂਡ) ਕਰ ਸਕਦੇ ਹੋ ।

੪) ਜੇਕਰ ਮੇਟਲ-ਡਿਟੇਕਟਰ ਤੋਂ ਲੰਘ ਕੇ ਕੋਈ ਅਲਾਰਮ ਨਹੀ ਵਜਦਾ ਤਾਂ ਅਧਿਕਾਰੀ (ਸ਼ਾਯਦ) ਆਖ ਸਕਦਾ ਹੈ ਕਿ ਗ਼ੈਰ-ਮੇਟੈਲਿਕ ਵਸਤਾਂ (ਜਿਵੇਂ ਕੇਮਿਕਲ ਯਾ ਪਲਾਸਟਿਕ) ਲਈ ਵਧੇਰੇ ਜਾਂਚ ਕਰਨੀ ਹੈ । ਐਸੀ ਜਾਂਚ ਦਾ ਵੇਰਵਾ ਸਟੇਜ-੨ ਵਿਚ ਹੇਠ-ਲਿਖਿਆ ਹੈ ।